# ਏਕ ਘੜੀ ਆਧੀ ਘਰੀ

## ਕਬੀਰ ਸਾਧੂ ਸੰਗੁ ਪਰਾਪਤੀ ਲਿਖਿਆ ਹੋਇ ਲਿਲਾਟ॥

ਗੁਰੂ ਗ੍ਰੰਥ ਸਾਹਿਬ ਵਿਚ, ਭਗਤ ਕਬੀਰ ਜੀ ਦੀ ਰਾਗ ਬੱਧ ਬਾਣੀ ਤੋਂ ਇਲਾਵਾ, ੨੪੩ ਸਲੋਕ ਹਨ, ਜੋ ਰਾਗਾਂ ਤੋਂ ਮੁਕਤ ਬਾਣੀ ਦਾ ਹਿਸਾ ਹਨ। ਇਹ ਦੋ ਸਲੋਕ, ਪੰਨਾ ੧੩੭੬ ਤੇ ਸੁਭਾਇਮਾਨ ਹਨ। ਇਨ੍ਹਾਂ ਦੋਹਾਂ ਸਲੋਕਾਂ ਵਿਚ ਭਗਤ ਜੀ ਨੇ ਸਾਧੂ ਸੰਗਤਿ ਦੀ ਪ੍ਰਾਪਤੀ ਅਤੇ ਉਸ ਦੇ ਲਾਭ ਬਾਰੇ ਜ਼ਿਕਰ ਕੀਤਾ ਹੈ।

- - ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਸਾਧੂ ਦੀ ਸੰਗਤਿ ਤਾਂ ਮਿਲਦੀ ਹੈ ਜੇ ਪੂਰਬਲੇ ਜਨਮਾਂ ਦੀ ਕਮਾਈ/ਕਿਰਪਾ ਸਦਕਾ, ਕਿਸੇ ਸਾਧੂ ਦੇ, ਪੂਰਬਲੇ ਸਮੇਂ/ਜਨਮਾਂ ਦੌਰਾਨ ਬਚਨ ਹੋਣ ਕਰ ਕੇ, ਮੌਜੂਦਾ ਜਨਮ ਲੈਣ ਲਈ ਗਰਭ ਵਿਚ ਆਉਣ ਲਗਿਆਂ, ਲਿਲਾਟ, ਭਾਵ, ਮਸਤਕ ਤੇ ਭਾਗ ਲਿਖ ਦਿਤੇ ਗਏ ਹੋਣ। ਆਮ ਤੌਰ ਤੇ ਕਿਸੇ ਸਾਧੂ ਦੀ ਸੰਗਤਿ ਵੀ ਪੂਰਬਲੀ ਕੀਤੀ ਸੇਵਾ, ਕਮਾਈ ਸਦਕਾ, ਖ਼ੁਸ਼ ਹੋ ਕੇ ਜਦੋਂ ਕੋਈ ਮਹਾਤਮਾ, ਇਸ ਪ੍ਰਥਾਇੰ ਬਚਨ ਕਰਦਾ ਹੈ ਤਾਂ ਹੀ, ਮਸਤਕ ਤੇ ਲੇਖ ਲਿਖੇ ਜਾਂਦੇ ਹਨ। ਜੇ ਅਧਿਆਤਮਕਤਾ ਦਾ ਇਤਿਹਾਸ ਵਾਚੀਏ ਤਾਂ ਅਸੀਂ ਵੇਖ ਸਕਦੇ ਹਾਂ ਕਿ ਜਿਨ੍ਹਾਂ ਜਿਨ੍ਹਾਂ ਨੂੰ ਵੀ ਮਹਾਤਮਾ ਮਿਲੇ ਹਨ, ਪੂਰਬਲੇ ਕਿਸੇ ਮਹਾਤਮਾ ਦੇ ਬਚਨਾਂ ਕਰ ਕੇ ਹੀ ਮਿਲੇ ਹਨ। ਮਿਸਾਲ ਦੇ ਤੌਰ ਤੇ, ਪਿਤਾ ਕਲਿਆਣ ਰਾਇ ਜੀ ਦੇ ਘਰ, ਸ੍ਰੀ ਗੁਰੂ ਨਾਨਕ ਸਾਹਿਬ, ਪਿਛਲੇ ਹੋ ਚੁਕੇ ਬਚਨਾਂ ਕਰ ਕੇ ਆਏ। ਭਾਈ ਜੇਠਾ ਜੀ ਨੂੰ, ਸ੍ਰੀ ਗੁਰੂ ਅਮਰਦਾਸ ਸਾਹਿਬ ਤਾਂ ਮਿਲੇ ਜੇ ਉਨ੍ਹਾਂ ਦੇ ਪੁਰਾਣੇ ਬਚਨ ਸਨ, ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬਚਨ ਮੌਜੂਦ ਹਨ - 'ਜਬ ਬਰਦਾਨਿ ਸਮੈ ਵਹੁ ਆਵਾ॥ ਰਾਮਦਾਸ ਤਬ ਗੁਰੂ ਕਹਾਵਾ॥ ਤਿਹ ਬਰਦਾਨਿ ਪੁਰਾਤਨਿ ਦੀਆ॥ ਅਮਰਦਾਸਿ ਸੁਰਪੁਰਿ ਮਗ ਲੀਆ॥' ਭਾਈ ਗੁਰਦਾਸ ਜੀ ਨੇ ਵੀ ਇਸੇ ਪੁਰਾਤਨ ਵਰਦਾਨ ਵਲ ਇਸ਼ਾਰਾ ਕੀਤਾ ਹੈ - 'ਦਿਚੈ ਪੂਰਬਿ ਦੇਵਣਾ ਜਿਸ ਦੀ ਵਸਤੁ ਤਿਸੈ ਘਰਿ ਆਵੈ॥ ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ॥', ਵਾਰ ੧:੪੭.

ਸਾਧੂ ਦੀ ਪਰਾਪਤੀ ਤਾਂ ਬਹੁਤ ਵਡੀ ਘਟਨਾ ਹੈ ਜੋ ਅਕਸਮਾਤ ਜਾਂ ਅਚਨ-ਚੇਤ ਨਹੀਂ ਹੁੰਦੀ। ਨਾ ਤਾਂ ਇਹ ਜਨਮ, ਨਾਂ ਹੀ ਜਨਮ ਦੌਰਾਨ ਮਿਲਣ ਵਾਲੇ ਰਿਸ਼ਤੇ, ਧਨ ਦੌਲਤ, ਸ਼ੋਹਰਤ ਆਦਿ ਕੁਝ ਵੀ ਅਕਸਮਾਤ ਜਾਂ accidental ਨਹੀਂ ਹੁੰਦਾ - 'ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ॥ ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ॥', ਪੰਨਾ ੭੦੦. ਜੇ ਸਧਾਰਣ ਰਿਸ਼ਤੇ ਨਾਤਿਆਂ ਨਾਲ ਮੇਲ, ਪੂਰਬਲੇ ਸੰਜੋਗਾਂ ਤੇ ਅਧਾਰਤ ਹਨ ਤਾਂ, ਸਾਧੂ ਦਾ ਮੇਲ, ਜੋ ਜੀਵਨ ਦੀ ਸਭ ਤੋਂ ਅਹਿਮ ਘਟਨਾ ਹੈ, ਉਹ ਤਾਂ ਬਹੁਤ ਹੀ ਖ਼ਾਸ ਕਿਰਪਾ ਨਾਲ ਹੀ ਹੁੰਦਾ ਮੰਨ ਲੈਣਾ ਚਾਹੀਦਾ ਹੈ। ਅਹਿਲਿਆ ਨਾਲ ਸ੍ਰੀ ਰਾਮ ਚੰਦਰ ਜੀ ਨਾਲ ਮੇਲ, ਮਹਾਤਮਾ ਦੇ ਬਚਨ ਨਾਲ ਹੀ ਹੋਇਆ ਸੀ। ਸ੍ਰੀ ਗੁਰੂ ਨਾਨਕ ਸਾਹਿਬ ਅਤੇ ਹੋਰ ਨੌਂ ਪਾਤਸ਼ਾਹ ਨਾਲ ਜਿਨ੍ਹਾਂ ਦਾ ਵੀ ਮੇਲ ਹੋਇਆ ਉਹ ਵੀ, ਉਨ੍ਹਾਂ ਤੇ ਪਿਛਲੇ ਸਮਿਆਂ ਤੇ ਹੋਈ ਘਣੇਰੀ ਕਿਰਪਾ ਸਦਕਾ ਹੀ ਸੀ।

ਮਹਾਤਮਾ ਤਾਂ ਕਿਸੇ ਨਾ ਕਿਸੇ ਰੂਪ ਵਿਚ ਹਰ ਸਮੇਂ ਤੇ ਹੀ ਮੌਜੂਦ ਹੁੰਦੇ ਹਨ। ਉਨ੍ਹਾਂ ਨਾਲ ਮੇਲ,

ਉਨ੍ਹਾਂ ਨਾਲ ਪੂਰਬਲੇ ਸੰਜੋਗਾਂ ਅਤੇ ਮਸਤਕ ਤੇ ਲਿਖੇ ਲੇਖਾਂ ਤੋਂ ਬਿਨਾਂ ਸੰਭਵ ਨਹੀਂ। ਇਹੀ ਤੱਥ, ਭਗਤ ਕਬੀਰ ਜੀ ਦਸ ਰਹੇ ਹਨ।

**ਮੁਕਤਿ ਪਦਾਰਥੁ ਪਾਈਐ ਠਾਕ ਨ ਅਵਘਟ ਘਾਟ॥੨੩੧॥**

-- ਅਜਿਹੇ ਸਾਧੂ ਦੀ ਸੰਗਤਿ ਦਾ ਫ਼ਲ, ਜਨਮ ਮਰਣ ਦੇ ਗੇੜ ਤੋਂ ਮੁਕਤੀ ਹੈ। ਸਾਧੂ ਦੀ ਸੰਗਤਿ ਕਰਣ ਵਾਲੇ ਨੂੰ, ਉਨ੍ਹਾਂ ਦੀ ਕਿਰਪਾ ਹੋਣ ਨਾਲ, ਪ੍ਰਾਪਤੀ ਦੇ ਕਠਿਨ ਮਾਰਗ ਤੇ ਚਲਦਿਆਂ ਕੋਈ ਰੁਕਾਵਟ ਨਹੀਂ ਪੈਂਦੀ। ਇਹ ਸਭ ਤੋਂ ਵਡੀ, ਦੁਰਲਭ ਪ੍ਰਾਪਤੀ ਹੈ, ਇਸ ਲਈ ਇਸ ਪ੍ਰਾਪਤੀ ਦਾ ਸਾਧਨ ਵੀ ਅਕਸਮਾਤ ਪ੍ਰਾਪਤ ਨਹੀਂ ਹੋ ਸਕਦਾ।੨੩੧।

ਆਦਿ ਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਦਾ ਸਪੱਸ਼ਟ ਫ਼ੁਰਮਾਣ ਹੈ ਕਿ ਜਿਵੇਂ ਲੂਣ ਜੇ ਘਿਉ ਵਿਚ ਪਿਆ ਹੋਵੇ ਤਾਂ ਉਹ ਨਹੀਂ ਗਲਦਾ, ਕਾਗ਼ਜ਼ ਵੀ ਘਿਉ ਵਿਚ ਪਿਆ ਹੋਵੇ ਤਾਂ ਨਹੀਂ ਗਲਦਾ, ਇਸੇ ਤਰ੍ਹਾਂ ਜੋ ਪ੍ਰਾਣੀ ਕਿਸੇ ਭਗਤ ਦੀ ਸੰਗਤਿ ਵਿਚ ਮਿਲਿਆ ਰਹੇ ਤਾਂ ਜਿਵੇਂ ਕਮਲ ਪਾਣੀ ਤੋਂ ਬੇਅਸਰ ਰਹਿੰਦਾ ਹੈ, ਇਸੇ ਤਰ੍ਹਾਂ ਜਮ ਉਸ ਪ੍ਰਾਣੀ ਦਾ ਕੀ ਕਰ ਸਕਦਾ ਹੈ, ਭਾਵ, ਕੁਝ ਨਹੀਂ ਵਿਗਾੜ ਸਕਦਾ - 'ਕਾਗਦੁ ਲੂਣੁ ਰਹੈ ਘ੍ਰਿਤ ਸੰਗੇ ਪਾਣੀ ਕਮਲੁ ਰਹੈ॥ ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੈ॥', ਅੰਕ ੯੭੨.

ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਬਚਨ ਹਨ ਕਿ ਪ੍ਰਭੂ ਦੀ ਕਿਰਪਾ ਨਾਲ ਉਸ ਦੇ ਸਾਧੂ ਜਨ, ਭਗਤ ਜਨ ਪ੍ਰਗਟ ਹੁੰਦੇ ਹਨ ਅਤੇ ਕਿਸੇ ਵੀ ਵਿਅਕਤੀ ਨੂੰ ਭਵਜਲ ਸਾਗਰ ਤਰਣ ਲਈ ਅਜਿਹੇ ਭਗਤਾਂ ਦੇ ਮੁਖਾਰਬਿੰਦ, ਮੁਖਕਮਲ, ਮੁਖੜੇ ਦੇ ਦਰਸ਼ਨ ਜ਼ਰੂਰੀ, mandatory ਹੁੰਦੇ ਹਨ - 'ਹਰਿ ਕਿਰਪਾ ਤੇ ਹੋਆ ਹਰਿ ਭਗਤੁ ਹਰਿ ਭਗਤ ਜਨਾ ਕੈ ਮੁਹਿ ਡਿਠੈ ਜਗਤੁ ਤਰਿਆ ਸਭੁ ਲੋੜੀਐ॥', ਪੰਨਾ ੫੫੦. ਚੌਥੇ ਪਾਤਸ਼ਾਹ ਦੇ ਬਚਨ ਹਨ ਕਿ ਜੇ ਵਡੇ ਭਾਗਾਂ ਨਾਲ ਮੈਨੂੰ ਕੋਈ ਭਗਤ ਜਨ ਮਿਲਦਾ ਹੋਵੇ ਤਾਂ ਉਸ ਦੀ ਸੰਗਤਿ ਕਰਨ ਵਿਚ ਢਿਲ-ਮਠ ਨਾ ਕਰੀਏ ਕਿਉਂਕਿ ਹਰੀ ਪ੍ਰਭੂ ਦੇ ਜਨ ਪ੍ਰਭੂ ਦੇ ਅੰਮ੍ਰਿਤ ਦਾ ਸੋਹਣਾ ਕੁੰਟ (ਅੰਮ੍ਰਿਤ ਦੀ ਸੰਭਾਲ ਲਈ ਖਾਸ ਵਿਧੀ ਨਾਲ ਤਿਆਰ ਕੀਤਾ ਸਰੋਵਰ) ਹੁੰਦੇ ਹਨ, ਕਿਸੇ ਵਡੇ ਭਾਗਾਂ ਵਾਲੇ ਨੂੰ ਹੀ ਉਸ ਵਿਚ ਨਹਾਉਣ ਦਾ ਮੌਕਾ ਮਿਲਦਾ ਹੈ - 'ਜੇ ਵਡ ਭਾਗ ਹੋਵਹਿ ਵਡ ਮੇਰੇ ਜਨ ਮਿਲਦਿਆ ਢਿਲ ਨ ਲਾਈਐ॥ ਹਰਿ ਜਨ ਅੰਮ੍ਰਿਤ ਕੁੰਟ ਸਰ ਨੀਕੇ ਵਡਭਾਗੀ ਤਿਤੁ ਨਾਵਾਈਐ॥', ਪੰਨਾ ੮੮੧.

ਸ੍ਰੀ ਗੁਰੂ ਅਰਜਨ ਸਾਹਿਬ ਦਾ ਫ਼ੁਰਮਾਣ ਹੈ ਕਿ ਸਾਧੂ ਦੀ ਸੰਗਤਿ ਪ੍ਰਾਪਤ ਹੋਣ ਨਾਲ, ਮਨੁਖ, ਪ੍ਰਭੂ ਦੇ ਨਾਮ ਦਾ ਰੰਗ ਮਾਣਨ ਲਗ ਜਾਂਦਾ ਹੈ - 'ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥', ਪੰਨਾ ੧੩੪. ਸੁਖਮਨੀ ਸਾਹਿਬ ਵਿਚ ਮਹਾਰਾਜ ਦੇ ਵਾਕ ਹਨ ਕਿ ਹੇ ਮੇਰੇ ਮਨ ! ਉਹਨਾਂ ਮਨੁਖਾਂ ਦਾ ਆਸਰਾ ਲੈ, ਉਨ੍ਹਾਂ ਨੂੰ ਆਪਣਾ ਮਨ, ਤਨ ਅਰਪਣ ਕਰ, ਜਿਨ੍ਹਾਂ ਨੇ ਆਪਣੇ ਪ੍ਰਭੂ ਨੂੰ ਪਛਾਣ ਲਿਆ ਹੈ ਕਿਉਂਕਿ ਅਜਿਹੇ ਜਨ ਸਭ ਵਸਤਾਂ ਦੇ ਥੋਕ ਦੇ ਦਾਤੇ ਹੁੰਦੇ ਹਨ। ਉਨ੍ਹਾਂ ਦੀ ਸਰਣ ਪੈਣ ਨਾਲ ਹਰ ਤਰ੍ਹਾਂ ਦੇ ਸੁਖ ਪ੍ਰਾਪਤ ਹੁੰਦੇ ਹਨ ਅਤੇ ਸਭ ਪਾਪ ਮਿਟ ਜਾਂਦੇ ਹਨ। ਸੋ ਅਜਿਹੇ ਜਨ ਦੇ ਸਦਾ ਹੀ ਚਰਨ ਪੂਜਣੇ ਚਾਹੀਦੇ ਹਨ - 'ਮਨ ਮੇਰੇ ਤਿਨ ਕੀ ਓਟ ਲੇਹਿ॥ ਮਨੁ ਤਨੁ ਅਪਨਾ ਤਿਨ ਜਨ ਦੇਹਿ॥ ਜਿਨਿ ਜਨਿ ਅਪਨਾ ਪ੍ਰਭੂ ਪਛਾਤਾ॥ ਸੋ

ਜਨੁ ਸਰਬ ਥੋਕ ਕਾ ਦਾਤਾ॥ ਤਿਸ ਕੀ ਸਰਨਿ ਸਰਬ ਸੁਖ ਪਾਵਹਿ॥ ਤਿਸ ਕੈ ਦਰਸਿ ਸਭ ਪਾਪ ਮਿਟਾਵਹਿ॥...ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ॥', ਪੰਨਾ ੨੯੬.

ਪਾਤਸ਼ਾਹ ਨੇ ਸਾਧ ਜਨ ਦੀ ਸੰਗਤਿ ਦੀ ਮਹਿਮਾ ਇਥੋਂ ਤਕ ਬਿਆਨ ਕਰ ਦਿਤੀ ਕਿ ਅਜਿਹੀ ਸੰਗਤਿ ਨਾਲ ਪਿੰਗਲਾ ਵੀ ਪਹਾੜ ਪਾਰ ਕਰ ਸਕਦਾ ਹੈ, ਮੂਰਖ ਵਿਅਕਤੀ ਬਹੁਤ ਸਿਆਣਪ ਭਰਪੂਰ ਵਖਿਆਨ ਕਰ ਸਕਦਾ ਹੈ, ਅਗਿਆਨੀ ਵਿਅਕਤੀ ਨੂੰ ਤਿਨਾਂ ਭਵਨਾਂ ਦੀ ਸੋਝੀ ਹੋ ਸਕਦੀ ਹੈ, ਆਦਿ – 'ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥ ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥ ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥', ਪੰਨਾ ੮੦੯.

ਮੁਕਤੀ ਦਾ ਅਤੇ ਨਾਮ ਦਾ ਧਨ ਸਾਧੂ ਦੀ ਸੰਗਤਿ ਕਰਣ ਨਾਲ ਹੀ ਪ੍ਰਾਪਤ ਹੁੰਦੇ ਹਨ – 'ਮੁਕਤਿ ਪਦਾਰਥੁ ਸਾਧੂ ਸੰਗਤਿ ਅੰਮ੍ਰਿਤੁ ਹਰਿ ਕਾ ਨਾਉ॥', ਪੰਨਾ ੧੨੨੦. ਪੰਜਵੇਂ ਪਾਤਸ਼ਾਹ ਦਾ ਹੋਰ ਫ਼ੁਰਮਾਣ ਹੈ ਕਿ ਜਦੋਂ ਸਾਧੂ ਆਪਣਾ ਮਿਹਰ ਭਰਿਆ ਹਥ, ਜੀਵ ਦੇ ਮਸਤਕ ਤੇ ਰਖਦਾ ਹੈ ਤਾਂ ਹੀ ਜਨਮ ਮਰਣ ਤੋਂ ਮੁਕਤੀ ਪ੍ਰਾਪਤ ਹੁੰਦੀ ਹੈ – 'ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ॥', ਪੰਨਾ ੨੧੪. ਮੁਕਤੀ ਦਾ ਮਾਰਗ ਸਿਮਰਣ ਅਤੇ ਵਿਸ਼ੇ ਵਿਕਾਰਾਂ ਦੇ ਤਿਆਗ ਦਾ ਮਾਰਗ ਹੈ। ਸਾਧੂ ਦੀ ਸੰਗਤਿ ਨਾਲ ਇਹ ਦੋਵੇਂ ਕਾਰਜ ਸੁਖੈਨ ਹੋ ਜਾਂਦੇ ਹਨ। ਸਾਧੂ ਦਾ ਕੰਮ ਹੀ ਨਾਮ ਜਪਾਉਣਾ ਹੈ – 'ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥ ਰਾਮੁ ਜੁ ਦਾਤਾ ਮੁਕਤਿ ਕੋ ਸੰਤ ਜਪਾਵੈ ਨਾਮੁ॥', ਪੰਨਾ ੧੩੭੩. ਸੰਤ ਦੀ ਸੰਗਤਿ ਨਾਲ ਮਨੁਖ ਅਤਿਅੰਤ ਪਵਿਤਰ ਹੋ ਜਾਂਦਾ ਹੈ, ਭਾਵ, ਵਿਕਾਰਾਂ ਤੋਂ ਰਹਿਤ ਹੋ ਜਾਂਦਾ ਹੈ – 'ਕਬੀਰ ਸੰਤ ਕੀ ਗੈਲ ਨ ਛੋਡੀਐ ਮਾਰਗਿ ਲਾਗਾ ਜਾਉ॥ ਪੇਖਤ ਹੀ ਪੁੰਨੀਤ ਹੋਇ ਭੇਟਤ ਜਪੀਐ ਨਾਉ॥', ਪੰਨਾ ੧੩੭੧. ਉਨ੍ਹਾਂ ਦੇ ਦਰਸ਼ਨ ਮਾਤਰ ਨਾਲ ਹੀ, ਅੰਦਰ ਦੇ ਵਿਕਾਰ, ਹਰਣ ਹੋ ਜਾਂਦੇ ਹਨ। ਅਤੇ ਨੇੜਤਾ ਹੋਣ ਨਾਲ ਕਿਰਪਾ ਹੋ ਜਾਂਦੀ ਹੈ ਤਾਂ ਸਿਮਰਣ ਦਾ ਪ੍ਰਵਾਹ ਚਲ ਪੈਂਦਾ ਹੈ। ਇਸ ਤਰ੍ਹਾਂ ਮੁਕਤੀ ਦਾ ਮਾਰਗ ਸੁਖੈਨ ਹੋ ਜਾਂਦਾ ਹੈ। ਇਹ ਸੰਤ ਦੀ ਇਕ ਨਿਸ਼ਾਨੀ ਵੀ ਹੈ।

**ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥**

– – ਅਜਿਹੇ ਸਾਧੂ ਦੀ ਸੰਗਤਿ ਬਾਰੇ ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਇਕ ਘੜੀ ਦੇ ਵਕਤ ਜਿਤਨੀ, ਅਧੀ ਘੜੀ ਜਾਂ ਉਸ ਤੋਂ ਵੀ ਅਧੀ, ਭਾਵ, ਘੜੀ ਦਾ ਵੀ ਚੌਥਾ ਹਿਸਾ, ਸਮੇਂ ਦੀ ਸੰਗਤਿ ਵੀ ਅਤਿਅੰਤ ਲਾਭਕਾਰੀ ਹੈ।

ਇਕ ਘੜੀ ਦਾ ਸਮਾਂ, ਅਜ ਦੇ ਚੌਵੀ ਮਿੰਟ ਦੇ ਬਰਾਬਰ ਮੰਨਿਆਂ ਜਾਂਦਾ ਹੈ।

ਮਹਾਤਮਾ ਬੁਧ ਜੀ ਨੇ ਬਚਨ ਕੀਤੇ ਸਨ ਕਿ, ਇਕ ਖਿੰਨ ਦੀ ਗਿਆਨੀ ਪੁਰਸ਼ ਦੀ ਸੰਗਤਿ, ਸੌ ਸਾਲ ਦੀ ਕਠਨ ਤਪੱਸਿਆ ਤੋਂ ਵੀ ਵਧ ਲਾਭਕਾਰੀ ਹੈ। ਪੰਚਮ ਪਾਤਸ਼ਾਹ ਦੀ ਬਾਣੀ, 'ਸੁਖਮਨੀ' ਵਿਚ ਸਾਧੂ/ਸੰਤ/ਬ੍ਰਹਮਗਿਆਨੀ ਦੀ ਸੰਗਤਿ ਬਾਰੇ ਵਿਸਤਾਰ ਸਹਿਤ ਉਪਦੇਸ਼ ਪ੍ਰਾਪਤ ਹੁੰਦਾ ਹੈ। ਪੰਚਮ ਪਾਤਸ਼ਾਹ, ਪੰਨਾ ੭੧ ਤੇ ਫ਼ੁਰਮਾਣ ਕਰਦੇ ਹਨ ਕਿ ਪਾਰਬ੍ਰਹਮ ਦੀ ਕਿਰਪਾ ਸਦਕਾ ਸਾਧੂ ਦੀ ਸੰਗਤਿ ਪ੍ਰਾਪਤ ਹੁੰਦੀ ਹੈ। ਅਗੋਂ, ਉਸ ਸੰਗਤਿ ਨੂੰ ਜਿਉਂ ਜਿਉਂ ਵਧਾਈ ਜਾਈਏ, ਹਰੀ ਦੇ ਨਾਮ ਦਾ ਰੰਗ ਵੀ ਵਧਦਾ ਜਾਂਦਾ ਹੈ – 'ਕਿਰਪਾ ਕਰੇ ਜਿਸ

ਪਾਰਬ੍ਰਹਮੁ ਹੋਵੈ ਸਾਧੂ ਸੰਗੁ॥ ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ॥'

**ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥੨੩੨॥**

-- ਭਗਤ ਕਬੀਰ ਜੀ ਦੇ ਪਿਛਲੇ ਸਲੋਕ ਵਿਚ ਦਸੇ, ਸਾਧੂ ਸੰਗਤਿ ਦੇ ਲਾਭ ਕਰ ਕੇ, ਭਗਤ ਜੀ ਫ਼ੁਰਮਾਣ ਕਰ ਰਹੇ ਹਨ ਕਿ ਥੋੜੇ ਤੋਂ ਥੋੜੇ ਸਮੇਂ ਲਈ ਵੀ ਸਾਧੂ ਨਾਲ ਕੀਤੇ ਬਚਨ ਬਿਲਾਸ ਅਤਿਅੰਤ ਲਾਭਕਾਰੀ ਹੁੰਦੇ ਹਨ ਕਿਉਂਕਿ ਉਨ੍ਹਾਂ ਬਚਨਾਂ ਅਨੁਸਾਰ ਕੀਤੀ ਕਮਾਈ ਸਦਕਾ, ਮਨੁਖ ਆਪਣੇ ਪਰਮ ਲਖ਼ਸ਼ ਦੀ ਪ੍ਰਾਪਤੀ ਕਰ ਲੈਂਦਾ ਹੈ। ਸੰਤ ਜਨਾਂ ਨਾਲ ਕੀਤੀ ਗੋਸ਼ਟੀ ਨਾਲ ਮਨੁਖ ਨੂੰ ਜੀਵਨ ਦੇ ਮਕਸਦ, ਜੀਵਨ ਦੇ ਰਾਹ, ਉਸ ਰਾਹ ਦੇ ਚਲਣ ਦੇ ਢੰਗ ਅਤੇ ਉਸ ਦੌਰਾਨ ਆਉਣ ਵਾਲੀਆਂ ਮੁਸ਼ਕਿਲਾਂ ਦੇ ਗੁਝੇ ਭੇਦ ਖੁਲਦੇ ਜਾਂਦੇ ਹਨ। ਮਹਾਤਮਾ ਕੋਲ ਹਰ ਪ੍ਰਸ਼ਨ ਦਾ ਉਤਰ ਹੁੰਦਾ ਹੈ। ਉਹ ਸਰਬ ਗਿਆਤਾ ਹੁੰਦਾ ਹੈ। ਉਹ, ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ 'ਹਾਜਰੁ ਨਾਜਰੁ ਵੇਦ ਕਿਤਾਬਾ' ਹੁੰਦਾ ਹੈ।੨੩੨।

